Roll No. ..................

Total No. of Questions : 7]

**004**

[Total No. of Printed Pages : 3

**SS**

**2117**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI (Elective)**

Time allowed : Three hours

Maximum marks : 90

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **004** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(vi) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

ਵਸਤੂਨਿਸ਼ਠ ਪ੍ਰਸ਼ਨ :

1. ਪੁੱਛੇ ਗਏ ਵਸਤੂਨਿਸ਼ਠ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਰੱਬ ਦੇ ਨਾਂ ਨੂੰ ਭੁੱਲ ਜਾਣ ਵਾਲੇ ਮਨੁੱਖਾਂ ਬਾਰੇ ਸ਼ੇਖ਼ ਫ਼ਰੀਦ ਜੀ ਕੀ ਕਹਿੰਦੇ ਹਨ ?

(ਅ) ਦੁੱਖ, ਰੋਗ ਤੇ ਸੰਤਾਪ ਕੀ ਸੁਣਨ ਨਾਲ ਦੂਰ ਹੋ ਸਕਦੇ ਹਨ ?

(ੲ) ਮਿਰਜ਼ਾ ਕਿਸ ਰੁੱਖ ਹੇਠਾਂ ਸੌਂ ਗਿਆ ਸੀ ?

(ਸ) ਨਜਾਬਤ ਦੀ ਪ੍ਰਸਿਧ ਰਚਨਾ ਦਾ ਨਾਂ ਲਿਖੋ ।

(ਹ) ਪ੍ਰਿੰ: ਸਾਹਿਬ ਸਿੰਘ ਦਾ ਬਚਪਨ ਦਾ ਨਾਂ ਕੀ ਸੀ ?

(ਕ) ਜਦੋਂ ਖੁਸ਼ਵੰਤ ਸਿੰਘ ਤੇ ਉਸ ਦੇ ਪਰਿਵਾਰ ਦੇ ਜੀਅ ਰੋਣ ਦਾ ਬਹਾਨਾ ਕਰਦੇ, ਤਾਂ ਸਿੰਬਾ ਕੀ ਸੁੰਘਦਾ ?

(ਖ) ਇਕਾਂਗੀ ਦੀ ਸਫ਼ਲਤਾ ਕਿੱਥੇ ਪਰਖੀ ਜਾਂਦੀ ਹੈ ?

(ਗ) 24 (13+11) ਮਾਤਰਾ ਵਾਲੇ ਛੰਦ ਦਾ ਨਾਂ ਲਿਖੋ ।

(ਘ) ਉਪਮਾ ਅਲੰਕਾਰ ਦੀਆਂ ਕਿੰਨੀਆਂ ਕਿਸਮਾਂ ਹਨ ?

(ਙ) ਸ਼ਾਂਤ ਰਸ ਦਾ ਸਥਾਈ ਭਾਵ ਕੀ ਹੈ ? 10×1=10

2. ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਪਾਵੇਂਗਾ ਦੀਦਾਰ ਸਾਹਿਬ ਦਾ,
ਫ਼ਕੀਰਾ ਹੋਰ ਭੀ ਨੀਵਾਂ ਹੋਇ ॥
ਟੋਪੀ ਮੈਲੀ ਸਾਬਣ ਥੋੜਾ,
ਬਹਿ ਕਿਨਾਰੇ ਧੋਇ ।

(ਅ) ਦੁਖੁ ਦਾਰੂ ਸੁਖੁ ਰੋਗ ਭਇਆ ਜਾ ਸੁਖੁ ਤਾਮਿ ਨ ਹੋਈ ॥

ਤੂੰ ਕਰਤਾ ਕਰਣਾ ਮੈਂ ਨਾਹੀ ਜਾ ਹਉ ਕਰੀ ਨ ਹੋਈ ॥

ਬਲਿਹਾਰੀ ਕੁਦਰਤ ਵਸਿਆ । ਤੇਰਾ ਅੰਤ ਨ ਜਾਈ ਲਖਿਆ ॥

(ੲ) ਸਾਹਿਬਾਂ : ਸਾਲੂ ਦਾ ਪੱਲਾ ਅਟਕਿਆ, ਰੱਤਾ ਕੁ ਥੱਕੀ ਨੂੰ ਫੇਰ ।

ਮਿਰਜ਼ਾ : ਅੱਗੇ ਘਰ ਬਾਪ ਦਾ ਨੌਂ ਲੱਖਾ, ਲੈ ਦਿਆਂ ਸਾਲੂਆਂ ਦਾ ਢੇਰ ।

ਚੜ੍ਹੀ ਰਹਿ ਬੱਕੀ ਦੀ ਬੇਲ 'ਤੇ, ਸੁਖ ਮਿਰਜ਼ੇ ਦੀ ਲੋੜ ।

(ਸ) ਬੈਣ ਸੁਣੰਦੀ ਦੁਰਗਾ, ਹੱਸੀ ਹੜ ਹੜਾਇ ।

ਓਹੀ ਸ਼ੀਂਹੁ ਮੰਗਾਇਆ, ਰਾਕਸ਼ ਭਖਣਾ ।

ਚਿੰਤਾ ਕਰਹੁ ਨਾ ਕਾਈ, ਦੇਵਾਂ ਨੂ ਆਖਿਆ ।

ਰੋਹ ਹੋਈ ਮਹਾਮਾਈ, ਰਾਕਸ਼ ਮਾਰਣੇ । 8+8=16

3. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਮੂੰਹ ਆਈ ਬਾਤ ਨਾ ਰਹਿੰਦੀ ਏ

(ਅ) ਪੂਰਨ ਦਾ ਵਿਦਾ ਹੋਣਾ

(ੲ) ਜੰਗਨਾਮਾ ਸ਼ਾਹ ਮੁਹੰਮਦ । 5

4. ਪੰਜਾਬੀ ਸੂਫ਼ੀ ਕਾਵਿ-ਧਾਰਾ ਦੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਓ ।

ਜਾਂ

ਸ਼ਾਹ ਮੁਹੰਮਦ ਦੀ ਰਚਨਾ ਤੇ ਕਾਵਿਕ ਗੁਣਾਂ ਬਾਰੇ ਤੁਸੀਂ ਜੋ ਕੁਝ ਜਾਣਦੇ ਹੋ, ਵਿਸਥਾਰ 'ਚ ਲਿਖੋ । 15

5. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਤੇਜਾ ਸਿੰਘ ਨੂੰ ਆਪਣੇ ਬਚਪਨ ਵਿੱਚ ਇਤਿਹਾਸ, ਮਿਥਿਹਾਸ, ਸਾਹਿਤ ਆਦਿ ਪ੍ਰਤਿ ਚੇਟਕ ਲਾਉਣ ਲਈ ਕਿਹੜੇ ਪ੍ਰੇਰਕ ਮਿਲੇ ? ਆਪਣੇ ਸ਼ਬਦਾਂ ਵਿੱਚ ਲਿਖੋ ।

(ਅ) ਲੇਖਕ ਅਨੁਸਾਰ 'ਮਨੁੱਖ ਨੂੰ ਮਨੁੱਖ ਹੋਣ ਦਾ ਸੁਆਦ ਕਦੋਂ ਆਵੇਗਾ' ? ਆਪਣੀ ਪਾਠ-ਪੁਸਤਕ 'ਚ ਸ਼ਾਮਲ ਪ੍ਰੀਤਲੜੀ ਦੇ ਸ੍ਵੈਜੀਵਨੀ-ਅੰਸ਼ ਦੇ ਆਧਾਰ 'ਤੇ ਦੱਸੋ ।

(ੲ) ਦਿੱਲੀ ਦਾ ਡਿਪਟੀ ਕਮਿਸ਼ਨਰ ਲੱਗਣ ਉਪਰੰਤ ਡਾ: ਰੰਧਾਵਾ ਨੇ ਪੇਸ਼ਗੀ ਕਿਰਾਇਆ ਦੱਬਣ ਵਾਲੇ ਲਾਲੇ ਨੂੰ ਕਿਸ ਤਰ੍ਹਾਂ ਸਬਕ ਸਿਖਾਇਆ ?

(ਸ) 'ਮੇਰੇ ਬੱਚੇ ਮੇਰਾ ਮੁਹਾਂਦਰਾ' ਸ੍ਵੈਜੀਵਨੀ-ਅੰਸ਼ ਵਿੱਚ ਇੱਕ ਪਿਤਾ ਵਜੋਂ ਬਲਵੰਤ ਗਾਰਗੀ ਦੀ ਸ਼ਖ਼ਸੀਅਤ ਦੇ ਕਿਹੜੇ ਗੁਣ ਉੱਭਰ ਕੇ ਸਾਮ੍ਹਣੇ ਆਉਂਦੇ ਹਨ ?

(ਹ) ਬਾਉਲੀ ਸਾਹਿਬ ਗੁਰਦੁਆਰੇ ਵਿੱਚ ਅਰਦਾਸ ਕਰਾਉਣ ਤੋਂ ਪਹਿਲਾਂ ਲੇਖਿਕਾ ਦੇ ਪਿਤਾ ਜੀ ਨੇ ਕੀ ਤਾਕੀਦ ਕੀਤੀ ?

(ਕ) 'ਆਪਣੀ ਸੋਚ ਦੇ ਗਹਿਰੇ ਸਾਏ' ਸ੍ਵੈਜੀਵਨੀ-ਅੰਸ਼ ਦੇ ਲੇਖਕ ਨੇ ਸਮੇਂ-ਸਮੇਂ ਆਪਣਾ ਜੀਵਨ ਮਨੋਰਥ ਕੀ ਸਿੱਖਿਆ ਤੇ ਕਿਉਂ ?

(ਖ) ਚੰਡੀਗੜ੍ਹ ਵਿੱਚ ਨਿਯੁਕਤੀ ਉਪਰੰਤ ਲੇਖਕ ਨੇ ਆਪਣੇ ਰੁਝੇਵਿਆਂ ਬਾਰੇ ਕੀ ਦੱਸਿਆ ਹੈ ?

(ਗ) 'ਮੁੜ੍ਹਕੇ ਦੀ ਖ਼ੁਸ਼ਬੋ' ਸ੍ਵੈਜੀਵਨੀ-ਅੰਸ਼ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ? 5×4=20

6. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਕਿਸੇ ਇੱਕ ਸਹਿਤ-ਰੂਪ ਬਾਰੇ ਨੋਟ ਲਿਖੋ :

(ੳ) ਨਾਟਕ

(ਅ) ਸਫ਼ਰਨਾਮਾ

(ੲ) ਨਾਵਲ । 12

7. ਪੁੱਛੇ ਗਏ ਛੰਦਾਂ, ਅਲੰਕਾਰਾਂ ਅਤੇ ਰਸਾਂ ਬਾਰੇ ਉਦਾਹਰਨਾਂ ਸਹਿਤ ਉੱਤਰ ਦਿਓ :

(ੳ) ਦਵੈਈਆ ਜਾਂ ਦੋਹਰਾ ਛੰਦ

(ਅ) ਰੂਪਕ ਜਾਂ ਅਤਿਕਥਨੀ ਅਲੰਕਾਰ

(ੲ) ਰੌਦਰ ਜਾਂ ਅਦਭੁਤ ਰਸ । 4+4+4=12